ਵਿਸ਼ਾ ਪੰਜਾਬੀ ਜਮਾਤ ਨੌਵੀਂ / ਦਸਵੀਂ ਸਾਲ ਮਈ 2020

## ਰਿਸ਼ਤੇਦਾਰ ਮਿੱਤਰ ਦੇ ਘਰ ਕਿਸੇ ਵਿਅਕਤੀ ਦੀ ਮੌਤ ਤੇ ਅਫ਼ਸੋਸ ਪੱਤਰ।

ਗਾਰਡਨ ਕਲੋਨੀ,

ਲੁਧਿਆਣਾ।

21 ਅਪਰੈਲ 2020.

ਸਤਿਕਾਰਯੋਗ ਚਾਚਾ ਜੀ,

ਸਤਿ ਸ੍ਰੀ ਅਕਾਲ।

ਪਿਆਰੀ ਚਾਚੀ ਜੀ ਦੇ ਸਵਰਗਵਾਸ ਹੋਣ ਦੀ ਖ਼ਬਰ ਸੁਣ ਕੇ ਮੇਰੇ ਤਾਂ ਰੌਂਗਟੇ ਖੜ੍ਹੇ ਹੋਏ, ਅੱਖਾਂ ਛਲਕ ਪਈਆਂ ਤੇ ਹੰਝੂਆਂ ਦੀ ਝੜੀ ਲੱਗ ਗਈ। ਉਨ੍ਹਾਂ ਦੀਆਂ ਪਿਆਰ ਭਰੀਆਂ ਗੱਲਾਂ ਯਾਦ ਕਰਕੇ (ਕਿਵੇਂ ਮੈਨੂੰ ਅਪਣੱਤ ਨਾਲ ਮਿਲਦੇ, ਲੱਖ ਲੱਖ ਖਾਤਰਾਂ ਕਰਦੇ ਨਾ ਥੱਕਦੇ ਜਿਵੇਂ ਮੈਂ ਉਨ੍ਹਾਂ ਦੀ ਕੁੱਖੋਂ ਜਾਈ ਧੀ ਹੋਵਾਂ ) ਉਦਾਸੀ ਜਿਹੀ ਛਾ ਜਾਂਦੀ ਹੈ, ਕੁਝ ਕਰਨ ਨੂੰ ਜੀਅ ਨਹੀਂ ਕਰਦਾ। ਚਾਰ ਚੁਫੇਰਾ ਸੱਖਣਾ-ਸੱਖਣਾ ਲੱਗਦਾ ਹੈ। ਮੇਰਾ ਮਨ ਡੋਲ ਜਾਂਦਾ ਹੈ, ਜਦੋਂ ਮੈਂ ਸੋਚਦੀ ਹਾਂ ਕਿ ਇਹ ਘੋਰ ਅਨਿਆਂ ਹੋਇਆ ਹੈ। ਪਰਮਾਤਮਾ ਨੇ ਬੜੀ ਡਾਢੀ ਕੀਤੀ ਹੈ, ਪਰ ਉਸ ਅੱਗੇ ਕਿਸ ਦਾ ਜ਼ੋਰ ਚੱਲਿਆ ਹੈ।

ਸਤਿਕਾਰਯੋਗ ਚਾਚਾ ਜੀ ਇਹ ਦੁੱਖ ਅਭੁੱਲ ਹੈ। ਇਹ ਘਾਟਾ ਪੂਰਾ ਨਹੀਂ ਹੋ ਸਕਦਾ, ਪਰ ਕਹਿੰਦੇ ਹਨ ਨਾ ਕਿ ਚੰਗੇ ਬੰਦਿਆਂ ਦੀ ਇੱਥੇ ਵੀ ਲੋੜ ਹੈ ਤੇ ਉੱਥੇ ਵੀ। ਅਸੀਂ ਕਹਿੰਦੇ ਹਾਂ ਕਿ ਇਹ ਜਗ ਚਲਣਹਾਰ ਹੈ,ਨਾ ਇੱਥੇ ਕੋਈ ਸਦਾ ਰਿਹਾ ਹੈ ਤੇ ਨਾ ਹੀ ਰਹੇਗਾ। ਹਰੇਕ ਨੇ ਆਪਣੀ ਵਾਰੀ ਤੇ ਜਾਣਾ ਹੈ, ਪਰ ਜੇਕਰ ਕੋਈ ਆਪਣੀ ਉਮਰ ਸਿਰ ਥਾਂ ਹੰਢਾ ਕੇ ਜਾਵੇ ਤਾਂ ਦੁੱਖ ਘੱਟ ਹੁੰਦਾ ਹੈ। ਪਰ ਅੱਧਵਾਟਿਓਂ ਟੁੱਟੀਆਂ ਤੰਦਾਂ ਬਹੁਤ ਤੜਫਾਉਂਦੀਆਂ ਹਨ।

ਮੈਂ ਪਰਮਾਤਮਾ ਅੱਗੇ ਅਰਦਾਸ ਕਰਦੀ ਹਾਂ ਕਿ ਚਾਚੀ ਜੀ ਦੀ ਆਤਮਾ ਨੂੰ ਸੁਰਗਾਂ ਵਿੱਚ ਵਾਸਾ ਬਖਸ਼ੇ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ।

ਆਪ ਜੀ ਦੀ ਭਤੀਜੀ,

ਹਰਪ੍ਰੀਤ।

ਤਿਆਰ ਕਰਤਾ

ਸੰਦੀਪ ਸਿੰਘ

ਪੰਜਾਬੀ ਮਾਸਟਰ

ਸਰਕਾਰੀ ਹਾਈ ਸਕੂਲ

ਭਿੰਡੀ ਔਲਖ ( ਅੰਮ੍ਰਿਤਸਰ )